# ਵੀਰਜ ਮੁਲਾਂਕਣ ਨਮੂਨਾ ਕੁਲੈਕਸ਼ਨ ਨਿਰਦੇਸ਼

## ਜ਼ਰੂਰੀ:

- ਆਪਣੀ ਮੁਲਾਕਾਤ ਦੇ ਦਿਨ ਆਪਣਾ ਨਮੂਨਾ ਇਕੱਠਾ ਕਰਨ ਤੋਂ ਪਹਿਲਾਂ ਤੁਹਾਨੂੰ 2-5 ਦਿਨਾਂ ਲਈ ਕਿਸੇ ਵੀ ਕਿਸਮ ਦੇ ਵੀਰਜ ਰਿਸਾਅ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।
- ਵੀਰਜ ਕੁਲੈਕਸ਼ਨ ਲਈ ਕੌਂਡਮ ਨਾ ਵਰਤਿਆ ਜਾਵੇ ਕਿਉਂਕਿ ਇਹਨਾਂ ਵਿੱਚ ਤੱਤ ਹੁੰਦੇ ਹਨ ਜੋ ਸ਼ੁਕਰਾਣੂ ਮਾਰਦੇ ਹਨ। ਜੇ ਤੁਹਾਨੂੰ ਸੰਭੋਗ ਰਾਹੀਂ ਨਮੂਨਾ ਹਾਸਿਲ ਕਰਨ ਦੀ ਲੋੜ ਪੈਂਦੀ ਹੈ, ਤੁਸੀਂ ਸਾਡੀ ਪ੍ਰਯੋਗਸ਼ਾਲਾ ਤੋਂ ਗੈਰ-ਤੇਜ਼ਾਬੀ ਕੌਂਡਮ ਖਰੀਦ ਸਕਦੇ ਹੋ ਅਤੇ ਉਹਨਾਂ ਨਮੂਨਾ ਕੁਲੈਕਸ਼ਨ ਲਈ ਵਰਤ ਸਕਦੇ ਹੋ। ਜੇ ਤੁਸੀਂ ਇਸ ਕਿਸਮ ਦੇ ਕੌਂਡਮ ਵਿੱਚ ਨਮੂਨਾ ਹਾਸਿਲ ਕਰਦੇ ਹੋ, ਤਾਂ ਪੂਰਾ ਕੌਂਡਮ ਸਾਡੇ ਨਿਰਜੀਵ ਕੰਟੇਨਰਾਂ ਵਿੱਚ ਪਾਓ ਅਤੇ ਆਪਣੀ ਮੁਲਾਕਾਤ ਦੇ ਸਮੇਂ ਇਸਨੂੰ ਪ੍ਰਯੋਗਸ਼ਾਲਾ ਲੈ ਕੇ ਆਓ। ਵਧੇਰੇ ਜਾਣਕਾਰੀ ਲਈ ਸਾਡੇ ਪ੍ਰਸ਼ਾਸਨ ਦਫਤਰ ਨੂੰ 416-581-0000 'ਤੇ ਕਾਲ ਕਰੋ।
- ਦਖਲ ਵਾਲੇ ਸੰਭੋਗ ਨੂੰ ਨਮੂਨਾ ਕੁਲੈਕਸ਼ਨ ਲਈ ਨਾ ਕੀਤਾ ਜਾਵੇ ਕਿਉਂਕਿ ਇਹ ਵੀਰਜ ਰਿਸਾਅ ਦੇ ਸੱਭ ਤੋਂ ਗੰਭੀਰ ਪਹਿਲੇ ਹਿੱਸੇ ਦੇ ਨੁਕਸਾਨ ਦਾ ਕਾਰਨ ਬਣ ਸਕਦਾ ਹੈ ਅਤੇ ਨਮੂਨਾ ਯੋਨੀ ਤੋ ਸੈਲਾਂ ਅਤੇ ਬੈਕਟੀਰੀਆਂ ਤੋਂ ਦੂਸ਼ਿਤ ਹੋ ਸਕਦਾ ਹੈ।
- ਕੁਲੈਕਸ਼ਨ ਵਿੱਚ ਮੱਦਦ ਲਈ ਤੇਲਾਂ ਅਤੇ ਲੋਸ਼ਨਾਂ ਦੀ ਮੱਦਦ ਨਾ ਲਈ ਜਾਵੇ ਕਿਉਂਕਿ ਇਹ ਵੀਰਜ ਲਈ ਤੇਜ਼ਾਬੀ ਹੋ ਸਕਦਾ ਹੈ।
- ਘਰ ਵਿੱਚ ਇਕੱਠੇ ਕੀਤੇ ਗਏ ਨਮੂਨਿਆਂ ਨੂੰ **ਇੱਕਠੇ ਕਰਨ ਦੇ ਇੱਕ ਘੰਟੇ ਦੇ ਅੰਦਰ-ਅੰਦਰ ਸਿਰਫ ਮੁਲਾਕਾਤ ਰਾਹੀਂ,** FlowLabs ਦੀ ਜਗ੍ਹਾ ਤੇ ਛੱਡ ਦਿੱਤਾ ਜਾਣਾ ਚਾਹੀਦਾ ਹੈ **ਅਤੇ ਇਕੱਤਰ ਹੋਣ ਦੇ ਸਮੇਂ ਤੋਂ ਲੈ ਕੇ ਛੱਡਣ ਤੱਕ ਸਰੀਰ ਦੇ ਤਾਪਮਾਨ 'ਤੇ ਰੱਖਿਆ ਜਾਣਾ ਚਾਹੀਦਾ ਹੈ। ਜੇ ਗੈਰ-ਨਿਯੰਤਰਿਤ ਸਥਿਤੀਆਂ ਤੁਹਾਡੀ ਡਿਲਵਰੀ ਦੇ ਸਮੇਂ ਨੂੰ ਲੰਮਾ ਕਰਦੀਆਂ ਹੋਣ, ਤਾਂ ਕਿਰਪਾ ਕਰਕੇ ਨਮੂਨੇ ਨੂੰ ਜਿੰਨਾ ਸੰਭਵ ਹੋ ਸਕੇ ਇੱਕ ਘੰਟੇ ਦੇ ਕਰੀਬ-ਕਰੀਬ ਜਮ੍ਹਾਂ ਕਰਾ ਦਿਓ। ਜੇ ਨਮੂਨੇ ਸਰੀਰ ਦੇ ਤਾਪਮਾਨ 'ਤੇ ਨਹੀਂ ਰੱਖੇ ਜਾਂਦੇ, ਤਾਂ ਥਰਮਲ ਝਟਕੇ ਕਾਰਨ ਜਣਨ ਸ਼ਕਤੀ ਵਿਚ ਕਮੀ ਹੋ ਸਕਦੀ ਹੈ। ਲੰਬੇ ਸਮੇਂ ਤੱਕ ਡਿਲਵਰੀ ਦਾ ਸਮਾਂ ਅਤੇ ਤਾਪਮਾਨ ਵਿੱਚ ਤਬਦੀਲੀਆਂ ਤੁਹਾਡੇ ਟੈਸਟ ਦੇ ਨਤੀਜਿਆਂ ਨੂੰ ਪ੍ਰਭਾਵਤ ਕਰਨਗੀਆਂ, ਅਤੇ ਤੁਹਾਡੇ ਨਮੂਨੇ ਨੂੰ ਰੱਦ ਕਰ ਦਿੱਤਾ ਜਾ ਸਕਦਾ ਹੈ**
- FlowLabs ਦੀ ਜਗ੍ਹਾ ਤੋਂ ਇਕ ਘੰਟੇ ਤੋਂ ਵੱਧ ਦੂਰ ਰਹਿਣ ਵਾਲੇ ਲੋਕਾਂ ਲਈ ਸਾਈਟ 'ਤੇ ਇਕੱਤਰ ਕਰਨ ਦੀਆਂ ਮੁਲਾਕਾਤਾਂ ਉਪਲਬਧ ਹਨ।
- FlowLabs ਵਿਖੇ ਆਪਣੀ ਮੁਲਾਕਾਤ ਵਿਚ ਸ਼ਾਮਲ ਹੋਣ ਵੇਲੇ ਤੁਹਾਨੂੰ ਆਪਣਾ ਸੂਬਾਈ ਸਿਹਤ ਕਾਰਡ ਅਤੇ ਆਪਣੀ ਅਸਲ ਬੇਨਤੀ ਪੇਸ਼ ਕਰਨੀ ਚਾਹੀਦੀ ਹੈ। ਜੇ ਤੁਸੀਂ ਕਿਸੇ ਸੂਬਾਈ ਸਿਹਤ ਯੋਜਨਾ ਦੇ ਅਧੀਨ ਨਹੀਂ ਆਉਂਦੇ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਸਰਕਾਰੀ ਫੋਟੋ ਆਈਡੀ (ਡਰਾਈਵਰ ਦਾ ਲਾਇਸੈਂਸ, ਆਈਡੀ ਕਾਰਡ, ਆਦਿ) ਦੀ ਇੱਕ ਹੋਰ ਕਾਪੀ ਪੇਸ਼ ਕਰਨੀ ਹੋਵੇਗੀ।

## ਕਲੈਕਸ਼ਨ ਨਿਰਦੇਸ਼:

1. ਇਹ ਯਕੀਨੀ ਬਣਾਉਣ ਲਈ ਨਿਰਜੀਵ ਕੁਲੈਕਸ਼ਨ ਕੰਟੇਨਰ ਦੀ ਜਾਂਚ ਕਰੋ ਕਿ ਸੀਲ ਟੁੱਟੀ ਨਹੀਂ ਹੈ। ਜੇਕਰ ਕੰਟੇਨਰ ਜਾਂ ਸੀਲ ਸਪਸ਼ਟ ਰੂਪ ਵਿੱਚ ਟੁੱਟ ਗਈ ਹੈ, ਅਤੇ ਤੁਹਾਨੂੰ ਸ਼ੱਕ ਹੈ ਕਿ ਕੰਟੇਨਰ ਹੁਣ ਨਿਰਜੀਵ ਨਹੀਂ ਹੈ ਕਿਉਂਕਿ ਇਹ ਖੁੱਲ੍ਹ ਗਿਆ ਹੈ, ਤਾਂ ਕਿਰਪਾ ਕਰਕੇ ਨਵਾਂ ਲੈਣ ਲਈ FlowLabs ਸਟਾਫ ਨੂੰ ਸੂਚਿਤ ਕਰੋ। ਜੇ ਮੋਹਰ ਸਿਰਫ ਸ਼ਿਪਿੰਗ ਦੇ ਨਤੀਜੇ ਵਜੋਂ ਟੁੱਟ ਗਈ ਹੈ ਅਤੇ ਤੁਹਾਨੂੰ ਸ਼ੱਕ ਹੈ ਕਿ ਕੰਟੇਨਰ ਅਜੇ ਵੀ ਨਿਰਜੀਵ ਹੈ ਕਿਉਂਕਿ ਇਹ ਨਹੀਂ ਖੋਲ੍ਹਿਆ ਗਿਆ ਹੈ, ਕਿਰਪਾ ਕਰਕੇ ਨਿਰਦੇਸ਼ਾਂ ਅਨੁਸਾਰ ਵਰਤਣਾ ਜਾਰੀ ਰੱਖੋ।

2. ਕੁਲੈਕਸ਼ਨ ਕੰਟੇਨਰ ਨੂੰ ਆਪਣੇ ਪਹਿਲੇ ਅਤੇ ਆਖਰੀ ਨਾਮ ਅਤੇ ਜਨਮ ਮਿਤੀ (DD/MMM/YYYY) ਨਾਲ ਸਪਸ਼ਟ ਤੌਰ 'ਤੇ ਲੇਬਲ ਕਰੋ, ਜੇ ਕੰਟੇਨਰ ਨੂੰ ਤੁਹਾਡੇ ਲਈ ਪਹਿਲਾਂ ਹੀ ਲੇਬਲ ਨਹੀਂ ਕੀਤਾ ਗਿਆ ਹੈ।
3. ਆਪਣਾ ਨਾਮ ਅਤੇ ਤਾਰੀਖ ਭਰ ਕੇ ਆਪਣੀ ਕਿੱਟ ਵਿੱਚ ਪ੍ਰਦਾਨ ਕੀਤੀ ਗਈ ਕੁਲੈਕਸ਼ਨ ਚੈੱਕਲਿਸਟ ਨੂੰ ਭਰਨਾ ਸ਼ੁਰੂ ਕਰੋ।
4. ਵੀਰਜ ਦਾ ਨਮੂਨਾ ਤੁਹਾਡੇ ਹੱਥਾਂ ਅਤੇ ਲਿੰਗ ਨੂੰ ਸਾਬਣ ਅਤੇ ਪਾਣੀ ਨਾਲ ਧੋਣ ਤੋਂ ਬਾਅਦ ਹੀ ਲਿਆ ਜਾਣਾ ਚਾਹੀਦਾ ਹੈ। ਸਾਬਣ ਦੀ ਸਾਰੀ ਰਹਿੰਦ-ਖੂੰਹਦ ਨੂੰ ਸਾਫ ਕਰਨਾ ਯਕੀਨੀ ਬਣਾਓ।
5. ਨਮੂਨਾ ਇਕੱਠਾ ਕਰਨ ਤੋਂ ਪਹਿਲਾਂ ਆਪਣੇ ਹੱਥਾਂ ਅਤੇ ਲਿੰਗ ਨੂੰ ਚੰਗੀ ਤਰ੍ਹਾਂ ਸੁਕਾਓ।
6. ਵੀਰਜ ਦੇ ਨਮੂਨੇ ਨੂੰ ਕੇਵਲ ਹੱਥਰਸੀ ਦੁਆਰਾ, ਆਪਣੀ ਮੁਲਾਕਾਤ ਦੇ ਦਿਨ, ਸਿੱਧੇ ਕਲੈਕਸ਼ਨ ਕੱਪ ਵਿੱਚ ਇਕੱਠਾ ਕਰੋ। ਪੂਰਨ ਵੀਰਜ ਰਿਸਾਅ ਦੀ ਲੋੜ ਹੈ। ਜੇਕਰ ਨਮੂਨੇ ਦਾ ਕੋਈ ਹਿੱਸਾ ਇਕੱਠਾ ਕਰਨ ਦੌਰਾਨ ਖਰਾਬ ਹੋ ਜਾਂਦਾ ਹੈ, ਤਾਂ ਕਿਰਪਾ ਕਰਕੇ ਇਸ ਬਾਰੇ ਚੈੱਕਲਿਸਟ ਉੱਤੇ ਨੋਟ ਕਰੋ ਅਤੇ ਨਮੂਨਾ ਛੱਡਣ ਵੇਲੇ ਪ੍ਰਯੋਗਸ਼ਾਲਾ ਦੇ ਸਟਾਫ ਨੂੰ ਸੂਚਿਤ ਕਰੋ।
7. ਯਕੀਨੀ ਬਣਾਓ ਕਿ ਸਾਰਾ ਨਮੂਨਾ ਕੰਟੇਨਰ ਵਿੱਚ ਹੈ ਅਤੇ ਕੰਟੇਨਰ ਦੇ ਢੱਕਣ ਨੂੰ ਕੱਸ ਕੇ ਲਗਾਓ।

**ਮਹੱਤਵਪੂਰਨ:** ਕੰਟੇਨਰ 'ਤੇ ਕੁਲੈਕਸ਼ਨ ਸਮਾਂ ਨੋਟ ਕਰੋ ਅਤੇ ਚੈੱਕਲਿਸਟ ਨੂੰ ਪੂਰਾ ਕਰੋ।

8. ਨਮੂਨੇ ਦੇ ਕੰਟੇਨਰ ਨੂੰ ਜੈਵਿਕ ਖਤਰਨਾਕ ਬੈਗ ਵਿੱਚ ਰੱਖੋ ਅਤੇ ਬੈਗ ਦੀ ਬਾਹਰਲੀ ਜੇਬ ਵਿੱਚ ਆਪਣੀ ਅਸਲ ਮੰਗ ਅਤੇ ਕੁਲੈਕਸ਼ਨ ਚੈੱਕਲਿਸਟ ਰੱਖੋ। ਜੇ ਤੁਹਾਡੇ ਕੋਲ ਬਾਇਓਹਜ਼ਰਡ ਬੈਗ ਨਹੀਂ ਹੈ, ਤਾਂ ਅਸੀਂ ਤਾਂ ਵੀ ਤੁਹਾਡੇ ਨਮੂਨੇ ਨੂੰ ਸਵੀਕਾਰ ਕਰਾਂਗੇ। ਕਿਰਪਾ ਕਰਕੇ ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਆਪਣੇ ਨਮੂਨੇ ਦੇ ਨਾਲ ਅਸਲ ਬੇਨਤੀ ਅਤੇ ਕੁਲੈਕਸ਼ਨ ਚੈੱਕ ਲਿਸਟ ਲੈ ਕੇ ਆਓ ਭਾਵੇਂ ਤੁਹਾਡੇ ਕੋਲ ਬਾਇਓਹਜ਼ਰਡ ਬੈਗ ਨਹੀਂ ਹੈ।
9. ਬੈਗ ਨੂੰ ਸੀਲ ਕਰੋ ਅਤੇ ਨਮੂਨੇ ਨੂੰ ਲੈਬ ਵਿੱਚ ਭੇਜੋ। ਨਮੂਨੇ ਨੂੰ ਸਰੀਰ ਦੇ ਤਾਪਮਾਨ 'ਤੇ ਰੱਖਣਾ ਯਾਦ ਰੱਖੋ (ਕਮੀਜ਼, ਕਮਰਬੰਦ, ਆਪਣੀ ਬਾਂਹ ਦੇ ਹੇਠਾਂ ਰੱਖੋ) ਨਮੂਨੇ ਨੂੰ ਸਰੀਰ ਦੇ ਤਾਪਮਾਨ 'ਤੇ ਰੱਖਣ ਵਿਚ ਅਸਫਲ ਹੋਣ ਦੇ ਨਤੀਜੇ ਵਜੋਂ ਨਮੂਨਾ ਰੱਦ ਕੀਤਾ ਜਾ ਸਕਦਾ ਹੈ ਅਤੇ/ਜਾਂ ਮੁੜ ਹਾਸਿਲ ਕਰਨ ਦੀ ਬੇਨਤੀ ਕੀਤੀ ਜਾ ਸਕਦੀ ਹੈ।
10. ਆਪਣੀ ਮੁਲਾਕਾਤ ਲਈ 5 ਮਿੰਟ ਪਹਿਲਾਂ ਪਹੁੰਚਣ ਦੀ ਯੋਜਨਾ ਬਣਾਓ। ਜੇ ਤੁਸੀਂ 10 ਮਿੰਟ ਤੋਂ ਵੱਧ ਦੇਰੀ ਨਾਲ ਆਉਂਦੇ ਹੋ, ਤਾਂ ਅਸੀਂ ਸ਼ਾਇਦ ਤੁਹਾਡੀ ਮੱਦਦ ਕਰਨ ਦੇ ਯੋਗ ਨਾ ਹੋਈਏ। ਦੇਰੀ ਤੋਂ ਬਚਣ ਲਈ ਤੁਹਾਨੂੰ ਆਪਣੀ ਮੁਲਾਕਾਤ ਦੇ ਦਿਨ ਆਪਣੇ ਨਮੂਨੇ ਨੂੰ ਇਕੱਠਾ ਕਰਨ ਲਈ ਕਾਫ਼ੀ ਸਮਾਂ ਖਾਲੀ ਛੱਡਣਾ ਚਾਹੀਦਾ ਹੈ।
11. ਆਪਣੇ ਨਮੂਨੇ ਨੂੰ ਸਿੱਧਾ FlowLabs ਸਟਾਫ ਨੂੰ ਸੌਂਪਣਾ ਯਕੀਨੀ ਬਣਾਓ। ਦਰਵਾਜ਼ੇ 'ਤੇ ਨਮੂਨਾ **ਨਾ** ਛੱਡੋ।

FlowLab ਜਗ੍ਹਾਹਾਂ https://flowlabs.ca/locations